ਮੁੱਖ ਮੰਤਰੀ ਵਲੋਂ ਕਪੂਰਥਲਾ ਲਈ 39.16 ਕਰੋੜ ਰੁਪੈ ਦੇ ਦੋ ਪ੍ਰਾਜੈਕਟਾਂ ਦਾ ਆਨਲਾਇਨ ਨੀਂਹ ਪੱਥਰ

22.50 ਕਰੋੜ ਰੁਪੈ ਨਾਲ 'ਇੰਸਟੀਚਿਊਟ ਆਫ ਡਰਾਈਵਿੰਗ ਐਂਡ ਟਰੈਫਿਕ ਰਿਸਰਚ ਅਤੇ 17.16 ਕਰੋੜ ਰੁਪੈ ਨਾਲ ਵਹੀਕਲ ਇੰਸਪੈਕਸ਼ਨ ਐਂਡ ਸਰਟੀਫਿਕੇਸ਼ਨ ਸੈਂਟਰ ਬਣੇਗਾ

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਕਪੂਰਥਲਾ ਜਿਲ੍ਹੇ ਲਈ 39.16 ਕਰੋੜ ਰੁਪੈ ਦੀ ਲਾਗਤ ਵਾਲੇ ਦੋ ਵੱਡੇ ਪ੍ਰਾਜੈਕਟਾਂ ਦੀ ਆਨਲਾਇਨ ਨੀਂਹ ਪੱਥਰ ਰੱਖਿਆ ਗਿਆ।

ਇਸ ਤਹਿਤ ਪਿੰਡ ਝੱਲ ਠੀਕਰੀਵਾਲਾ ਵਿਖੇ 22.50 ਕਰੋੜ ਰੁਪੈ ਨਾਲ 'ਇੰਸਟੀਚਿਊਟ ਆਫ ਡਰਾਈਵਿੰਗ ਐਂਡ ਟਰੈਫਿਕ ਰਿਸਰਚ ਅਤੇ 17.16 ਕਰੋੜ ਰੁਪੈ ਨਾਲ ਵਹੀਕਲ ਇੰਸਪੈਕਸ਼ਨ ਐਂਡ ਸਰਟੀਫਿਕੇਸ਼ਨ ਸੈਂਟਰ ਬਣੇਗਾ।

ਘਰ-ਘਰ ਕਾਰੋਬਾਰ ਮਿਸ਼ਨ ਤਹਿਤ ਨੌਜਵਾਨਾਂ ਨੂੰ ਸਿਖਲਾਈ ਦੇ ਕੇ ਰੁਜ਼ਗਾਰ ਦੇ ਕਾਬਿਲ ਬਣਾਉਣ ਲਈ ਸ਼ੁਰੂ ਕੀਤੇ ਜਾਣ ਵਾਲੇ ਡਰਾਈਵਿੰਗ ਐਂਡ ਟਰੈਫਿਕ ਰਿਸਰਚ ਇੰਸਟੀਚਿਊਟ ਵਿਖੇ ਸਾਲਾਨਾ 20,000 ਨੌਜਵਾਨਾਂ ਨੂੰ ਡਰਾਈਵਿੰਗ ਅਤੇ ਹੋਰ ਹੁਨਰ ਵਿਕਾਸ ਦੀ ਸਿਖਲਾਈ ਦਿੱਤੀ ਜਾ ਸਕੇਗੀ , ਜਿਸ ਨਾਲ ਰੋਜ਼ਗਾਰ ਨੂੰ ਵੱਡਾ ਹੁਲਾਰਾ ਮਿਲੇਗਾ।

ਇਸ ਤੋਂ ਇਲਾਵਾ ਨੌਜਵਾਨਾਂ ਨੂੰ ਵਿਦੇਸ਼ਾਂ ਵਿਚ ਵੀ ਰੁਜ਼ਗਾਰ ਪ੍ਰਾਪਤੀ ਵਿਚ ਸਹਾਇਤਾ ਮਿਲੇਗੀ ਕਿਉਂਕਿ ਇੰਸਟੀਚਿਊਟ ਵਿਖੇ ਅੰਤਰਰਾਸ਼ਟਰੀ ਮਾਪਦੰਡਾਂ ਅਨੁਸਾਰ ਸਿਖਲਾਈ ਦਿੱਤੀ ਜਾਵੇਗੀ। ਇਸ ਵਿਚ ਡਰਾਈਵਿੰਗ ਰੇਂਜ, ਪ੍ਰਸ਼ਾਸ਼ਕੀ ਕੰਪਲੈਕਸ, ਹੋਸਟਲ ਬਲਾਕ, ਵਰਕਸ਼ਾਪ ਵੀ ਹੋਵੇਗੀ। ਇਸ ਤੋਂ ਇਲਾਵਾ ਇੱਥੇ ਕੈਮਰਾ ਅਧਾਰਿਤ ਡਰਾਈਵਿੰਗ ਟੈਸਟਿੰਗ ਸਿਸਟਮ ਵੀ ਹੋਵੇਗਾ, ਜੋ ਕਿ ਡਰਾਈਵਿੰਗ ਹੁਨਰ ਨੂੰ ਪਰਖਣ ਵਿਚ ਸਹਾਈ ਹੋਵੇਗਾ।

ਇਸ ਤੋਂ ਇਲਾਵਾ ਮੁੱਖ ਮੰਤਰੀ ਵਲੋਂ 'ਵਹੀਕਲ ਇੰਸਪੈਕਸ਼ਨ ਐਂਡ ਸਰਟੀਫਿਕੇਸ਼ਨ ਸੈਂਟਰ ਦਾ ਵੀ ਨੀਂਹ ਪੱਥਰ ਰੱਖਿਆ ਗਿਆ, ਜਿਸਦਾ ਉਦੇਸ਼ ਵਾਹਨਾਂ ਦੀ ਉੱਚ ਤਕਨੀਕ ਨਾਲ ਜਾਂਚ ਕਰਕੇ ਵਾਹਨਾਂ ਤੋਂ ਪੈਦਾ ਹੋਣ ਵਾਲੇ ਪ੍ਰਦੂਸ਼ਣ ਨੂੰ ਘਟਾਉਣਾ ਹੈ। ਸੈਂਟਰ ਵਿਖੇ 72,000 ਵਾਹਨਾਂ ਦੀ ਸਾਲਾਨਾ ਜਾਂਚ ਹੋ ਸਕੇਗੀ, ਜਿਸ ਤਹਿਤ ਆਟੋਮੇਟਡ ਸੈਂਸਰ ਅਧਾਰਿਤ ਟੈਸਟਿੰਗ ਅਤੇ ਕਿਸੇ ਵੀ ਮਨੁੱਖੀ ਦਖਲ ਤੋਂ ਬਿਨ੍ਹਾਂ ਇੰਸਪੈਕਸ਼ਨ ਰਿਪੋਰਟ ਤਿਆਰ ਹੋਣਾ ਸ਼ਾਮਿਲ ਹੈ।

ਕੈਪਸ਼ਨ- ਕਪੂਰਥਲਾ ਜਿਲ੍ਹੇ ਦੇ ਪਿੰਡ ਝੱਲ ਠੀਕਰੀਵਾਲਾ ਵਿਖੇ ਬਣਨ ਵਾਲੇ ਡਰਾਈਵਿੰਗ ਇੰਸਟੀਚਿਊਟ ਦਾ ਨੀਂਹ ਪੱਥਰ ਰੱਖੇ ਜਾਣ ਦੀ ਤਸਵੀਰ।

ਕੈਪਸ਼ਨ- ਪਿੰਡ ਝੱਲ ਠੀਕਰੀਵਾਲਾ ਵਿਖੇ 'ਇੰਸਟੀਚਿਊਟ ਆਫ ਡਰਾਈਵਿੰਗ ਐਂਡ ਟਰੈਫਿਕ ਰਿਸਰਚ ਅਤੇ ਵਹੀਕਲ ਇੰਸਪੈਕਸ਼ਨ ਐਂਡ ਸਰਟੀਫਿਕੇਸ਼ਨ ਸੈਂਟਰ ਦੇ ਚੱਲ ਰਹੇ ਕੰਮ ਦੀ ਤਸਵੀਰਾਂ।


ਸੜਕ ਆਵਾਜਾਈ ਅਤੇ ਹਾਈਵੇਜ ਵਿਭਾਗ, ਭਾਰਤ ਸਰਕਾਰ
ਅਤੇ
ਟਰਾਂਸਪੋਰਟ ਵਿਭਾਗ, ਪੰਜਾਬ
ਦੇ ਸਾਂਝੇ ਉੱਦਮ ਨਾਲ
ਇੰਸਟੀਚਿਊਟ ਆਫ ਡਰਾਈਵਿੰਗ ਐਂਡ ਟਰੈਫਿਕ ਰਿਸਰਚ
ਪਿੰਡ ਝੱਲ ਠੀਕਰੀਵਾਲ ਜਿਲ੍ਹਾਂ ਕਪੂਰਥਲਾ
ਦਾ ਨੀਂਹ ਪੱਥਰ ਮਿਤੀ:24-02-2021 ਨੂੰ
ਕੈਪਟਨ ਅਮਰਿੰਦਰ ਸਿੰਘ,
ਮਾਨਯੋਗ ਮੁੱਖ ਮੰਤਰੀ ਪੰਜਾਬ, ਜੀ ਨੇ
ਸ਼੍ਰੀਮਤੀ ਰਜ਼ੀਆ ਸੁਲਤਾਨਾ ,
ਮਾਨਯੋਗ ਟਰਾਂਸਪੋਰਟ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ, ਪੰਜਾਬ
ਜੀ ਦੀ ਹਾਜ਼ਰੀ ਵਿੱਚ ਆਪਣੇ ਕਰ ਕਮਲਾਂ ਨਾਲ ਰੱਖਿਆ।




ਸੜਕ ਆਵਾਜਾਈ ਅਤੇ ਹਾਈਵੇਜ ਵਿਭਾਗ, ਭਾਰਤ ਸਰਕਾਰ
ਅਤੇ
ਟਰਾਂਸਪੋਰਟ ਵਿਭਾਗ, ਪੰਜਾਬ
ਦੇ ਸਾਂਝੇ ਉੱਦਮ ਨਾਲ
ਵਹੀਕਲ ਇੰਸਪੈਕਸ਼ਨ ਅਤੇ ਸਰਟੀਫਿਕੇਸ਼ਨ ਸੈਂਟਰ
ਪਿੰਡ ਝੱਲ ਠੀਕਰੀਵਾਲ ਜਿਲ੍ਹਾਂ ਕਪੂਰਥਲਾ
ਦਾ ਨੀਂਹ ਪੱਥਰ ਮਿਤੀ:24-02-2021 ਨੂੰ
ਕੈਪਟਨ ਅਮਰਿੰਦਰ ਸਿੰਘ,
ਮਾਨਯੋਗ ਮੁੱਖ ਮੰਤਰੀ ਪੰਜਾਬ, ਜੀ ਨੇ
ਸ਼੍ਰੀਮਤੀ ਰਜ਼ੀਆ ਸੁਲਤਾਨਾ,
ਮਾਨਯੋਗ ਟਰਾਂਸਪੋਰਟ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ, ਪੰਜਾਬ
ਜੀ ਦੀ ਹਾਜ਼ਰੀ ਵਿੱਚ ਆਪਣੇ ਕਰ ਕਮਲਾਂ ਨਾਲ ਰੱਖਿਆ।

